ਸ੍ਰੀ ਆਨੰਦ ਰਿਸ਼ੀ ਜੀ ਮਹਾਰਾਜ ਨੇ ਆਪ ਜੀ ਦੀ ਯੋਗਤਾ ਸਦਕਾ ਉਪਪ੍ਰਵਰਤਨੀ ਵਰਗੀ ਪਦਵੀ ਨਾਲ ਸੁਸ਼ੋਭਿਤ ਕੀਤਾ ।

ਜੈਨ ਵਿਦਵਾਨ ਆਪ ਜੀ ਤੋਂ ਹਰ ਸਮੇਂ ਸੇਧ ਲੈਂਦੇ ਹਨ। ਆਪ ਜੀ ਦੀ ਯੋਗਤਾ ਸਦਕਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਜੈਨ ਚੇਅਰ ਨੇ ਆਪ ਜੀ ਨੂੰ ਆਚਾਰਿਆ ਸ੍ਰੀ ਆਤਮਾ ਰਾਮ ਜੀ ਭਾਸ਼ਣ ਮਾਲਾ ਦਾ ਸੱਦਾ ਦਿਤਾ, ਜੋ ਕਿਸੇ ਜੈਨ ਸਾਧਵੀ ਲਈ ਨਵੀਂ ਗਲ ਸੀ। ਆਪ ਨੇ ਵਿਦਵਾਨਾਂ ਦੇ ਪ੍ਰਸ਼ਨਾਂ ਦੇ ਉੱਤਰ ਦਿਤੇ ਆਪਜੀ ਨੂੰ **ਜਿਨ-ਸ਼ਾਸਨ-ਪ੍ਰਭਾਵਿਕਾ** ਪਦਵੀ ਨਾਲ ਵਿਭੂਸ਼ਿਤ ਕਰਕੇ ਅਭਿਨੰਦਨ ਪਤ੍ਰ ਤੇ ਸ਼ਾਲ ਪ੍ਰਦਾਨ ਕੀਤਾ ਗਿਆ।

ਪੰਜਾਬੀ ਜੈਨ ਸਾਹਿਤ ਦੀ ਆਪ ਮਹਾਨ ਪ੍ਰੇਰਿਕਾ ਹਨ। ਆਪਦੀ ਪ੍ਰੇਰਣਾ ਨਾਲ ਪਹਿਲੀ ਵਾਰ ਜੈਨ ਸ਼ਾਸਤਰਾਂ ਦਾ ਪੰਜਾਬੀ ਅਨੁਵਾਦ, ਇਤਿਹਾਸ, ਕਹਾਣੀ ਸਾਹਿਤ, ਸੁਤੰਤਰ ਸਾਹਿਤ ਦੀਆਂ 35 ਪੁਸਤਕਾਂ ਤਿਆਰ ਹੋ ਚੁਕੀਆਂ ਹਨ।

26 ਫਰਵਰੀ 1987 ਨੂੰ ਭਾਰਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੇ ਰਾਸ਼ਟਰਪਤੀ ਭਵਨ ਵਿਖੇ ਆਪ ਜੀ ਨੂੰ **ਜੈਨ-ਜਯੋਤੀ** ਪਦ ਨਾਲ ਸੁਸ਼ੋਭਿਤ ਕੀਤਾ। ਇਹ ਪਦਵੀ ਆਪ ਜੀ ਦੀ ਗੈਰ-ਹਾਜ਼ਰੀ ਵਿਚ **ਪੁਰਾਤਨ ਪੰਜਾਬ ਵਿਚ ਜੈਨ ਧਰਮ** ਪੁਸਤਕ ਦੇ ਵਿਮੋਚਨ ਸਮੇਂ ਪ੍ਰਦਾਨ ਕੀਤੀ ਗਈ। 2500 ਸਾਲਾਂ ਦੇ ਜੈਨ-ਇਤਿਹਾਸ ਵਿਚ ਕਦੇ ਵੀ ਕਿਸੇ ਰਾਸ਼ਟਰ ਪ੍ਰਮੁਖ ਨੇ ਜੈਨ ਸਾਧਵੀ ਦਾ ਸਨਮਾਨ ਨਹੀਂ ਕੀਤਾ। ਇਹ ਸਨਮਾਨ ਆਪਜੀ ਨੂੰ ਪਹਿਲੀ ਵਾਰ ਪੰਜਾਬੀ ਜੈਨ ਸਾਹਿਤ ਦੀ ਪ੍ਰੇਰਣਾ ਪਿੰਡਾਂ ਵਿਚ ਧਰਮ ਪ੍ਰਚਾਰ ਤੇ ਮਨੁੱਖੀ ਏਕਤਾ ਲਈ ਕੀਤੇ ਕੰਮਾਂ ਸਦਕਾ ਦਿਤਾ ਗਿਆ।

ਆਪ ਜੀ ਦੀ ਪ੍ਰੇਰਣਾ ਨਾਲ ਅਸੀਂ ਪੰਜਾਬੀ ਅਨੁਵਾਦ,